### ਭਗਤ ਰਵਿਦਾਸ - ਸਬਦ ੧੦

### ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥

### ਰਾਗੁ ਆਸਾ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੪੮੬

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

ਸਾਰ: ਜ਼ਿੰਦਗੀ ਦੀ ਅਟੱਲਤਾ ਸਾਨੂੰ ਰੁੱਤਾਂ ਦੀ ਤਰ੍ਹਾਂ ਇਸ ਦੀ ਬਦਲਦੀ ਹਕੀਕਤ ਦੀ ਸੁੰਦਰਤਾ ਨੂੰ ਅਪਣਾਉਣ ਲਈ ਸੱਦਾ ਦਿੰਦੀ ਹੈ। ਸਰਦ ਰੁੱਤ ਠੰਡ ਲਿਆ ਸਕਦੀ, ਪਰ ਇਸਦੇ ਬਾਅਦ ਗਰਮ ਰੁੱਤ ਦੀ ਗਰਮੀ ਵੀ ਆਉਂਦੀ ਹੈ। ਬਸੰਤ ਵਿਚ ਫੁੱਲਾਂ ਦਾ ਖਿੜ੍ਹਣਾ ਅਤੇ ਪਤਝੜ ਵਿਚ, ਮੁਰਝਾ ਝੜ ਜਾਣਾ। ਇਹ ਕੁਦਰਤੀ ਚੱਕਰ ਜੋ ਅਸੀਂ ਸਾਰੇ ਅਨੁਭਵ ਕਰਦੇ ਹਾਂ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਹੀ ਵਿਧਾਨ ਮਨੁੱਖਾ ਦੇਹੀ ਤੇ ਵੀ ਲਾਗੂ ਹੁੰਦਾ ਹੈ, ਸਰੀਰ ਵਧਦੇ ਫੁੱਲਦੇ, ਜਵਾਨ ਹੋ, ਫਿਰ ਬੁਢਾਪੇ ਦੀ ਜਕੜ ਵਿਚ ਆ ਜਾਂਦੇ ਹਨ ਅਤੇ ਅੰਤ ਮਿੱਟੀ ਹੋ ਧਰਤੀ ਦੀ ਬੁੱਕਲ ਵਿਚ ਸਮਾ ਜਾਂਦੇ ਹਨ। ਇਸ ਚੱਕਰ ਦਾ ਸੋਗ ਮਨ ਨੂੰ ਨਿਰਾਸ਼ਾ ਵੱਲ ਲੈ ਜਾਂਦਾ ਹੈ, ਕਿਉਂਕਿ ਅਸੀਂ ਕੁਦਰਤੀ ਨਿਯਮਾਂ, ਇਸ ਦੇ ਉਦੇਸ਼ ਅਤੇ ਮਹੱਤਵ ਨੂੰ ਨਜ਼ਰਅੰਦਾਜ਼ ਕਰਦੇ ਹੋਏ ਇਹ ਵਿਸਾਰ ਦਿੰਦੇ ਹਾਂ ਕਿ ਸਾਡੇ ਸਾਰਿਆਂ ਦਾ ਇਸ ਚਲ ਰਹੇ ਖੇਡ ਵਿਚ ਇਕ ਅਨਿੱਖੜਵੀਂ ਭਾਗੇਦਾਰੀ ਹੈ। ਜ਼ਿੰਦਗੀ ਦੀ ਸੁਰਤਾਲ ਨੂੰ ਸਵੀਕਾਰ ਕਰਕੇ, ਅਸੀਂ ਆਪਣੇ ਆਪ ਨੂੰ ਬਦਲਾਵ ਦੇ ਡਰ ਤੋਂ ਮੁਕਤ ਕਰਦੇ ਹਾਂ ਅਤੇ ਸਦਭਾਵਨਾ ਦਾ ਦਰ ਖੋਲ੍ਹਦੇ ਹਾਂ। ਜਿੱਥੇ ਅਸੀਂ ਬਹੁਤ ਸਾਰਿਆਂ ਵਿਚੋਂ ਇਕ ਹਾਂ, ਅਤੇ ਹਰ ਕੋਈ ਮਹੱਤਵਪੂਰਨ ਹੈ, ਪਰ ਸਾਡੇ ਵਿਚੋਂ ਕੋਈ ਵੀ ਕੇਂਦਰੀ ਧੁਰਾ ਨਹੀਂ ਹੈ। ਇਸ ਸੂਝ

ਨਾਲ ਪਾਈ  ਗਲਵਕੜੀ, ਜੀਵਨ ਨੂੰ ਸਥਾਈਤਾ ਦੀ ਥਾਂ ਤਨਦੇਹੀ ਨਾਲ ਮਾਨਣ ਵਿਚ ਸੁਖਚੈਨ ਪ੍ਰਦਾਨ ਕਰਦੀ ਹੈ।

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥

ਅਸੀਂ ਇਕ ਦੇਹੀ ਬਾਰੇ ਕੀ ਸਿੱਟਾ ਕੱਢ ਸਕਦੇ ਹਾਂ ਜੋ ਹਰ ਗੁਜ਼ਰਦੇ ਪਲ ਦੇ ਨਾਲ ਬਦਲਦੀ ਹੈ? ਇਸ ਤੋਂ ਅਹਿਸਾਸ ਹੁੰਦਾ ਹੈ ਕਿ ਅਸਲ ਮੁੱਲ ਭੌਤਿਕ ਰੂਪ ਨੂੰ ਸੰਭਾਲਣ ਵਿਚ ਨਹੀਂ, ਸਗੋਂ ਸਦੀਵੀ ਅੰਤਰੀਵੀ ਆਤਮਾ ਨਾਲ ਇਕਰੂਪ ਹੋਣ ਵਿਚ ਹੈ।

ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

ਜਦੋਂ ਸਰਵਵਿਆਪਕਤਾ ਲਈ ਪਿਆਰ ਘੱਟ ਜਾਂਦਾ ਹੈ, ਤਾਂ ਇਹ ਜਗਿਆਸੂ ਨੂੰ ਡਰਪੋਕ ਬਣਾ ਦਿੰਦੀ ਹੈ। ਇਹ ਭਾਵ "ਡਰ" ਨੂੰ ਸਰੀਰਕ ਪਤਨ ਦੀ ਪ੍ਰਤੀਕ੍ਰਿਆ ਵਜੋਂ ਨਹੀਂ ਸਗੋਂ ਰੂਹਾਨੀ ਵਿਛੋੜੇ ਦੀ ਇੱਕ ਬੇਚੈਨੀ ਵਜੋਂ ਮੁੜ ਪਰਿਭਾਸ਼ਿਤ ਕਰਦਾ ਹੈ ਜੋ ਨਿਰਾਸ਼ਾ ਲਿਆਉਂਦਾ ਹੈ। (੧)

ਤੁਝਹਿ ਚਰਨ ਅਰਬਿੰਦ ਭਵਨ ਮਨੁ ॥

ਕੁਦਰਤ ਦੇ ਵਿਧਾਨ ਨਾਲ ਇਕਸੁਰ ਹੋ ਉਸ ਦਾ ਵਾਸਾ ਆਪਣੇ ਅੰਤਹਕਰਣ ਵਿਚ ਕਰਨਾ, ਕਮਲ ਰੂਪੀ ਚਰਨਾਂ ਵਿਚ ਸਥਾਨ ਭਾਲਣ ਦੇ ਤੁਲ ਹੈ। ਇਹ ਭਾਵ ਸ਼ਾਂਤੀ, ਨਿਮਰਤਾ ਅਤੇ ਨਿਰਮਲ ਨੀਅਤ ਦਾ ਪ੍ਰਤੀਕ ਹੈ।

ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥

ਜਦੋਂ ਅਸੀਂ ਕੁਦਰਤ ਦੇ ਵਿਧਾਨ ਨੂੰ ਸਵੀਕਾਰ ਕਰਦੇ ਹਾਂ, ਤਾਂ ਅਸੀਂ ਜਾਗਰੂਕਤਾ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੇ ਹਾਂ, ਜੋ ਸਾਨੂੰ ਏਕਤਾ ਦੇ ਅਨਮੋਲ ਤੱਤਸਾਰ ਦਾ ਜਗਿਆਸੂ ਬਣਾ ਹਰ ਵਸਤ ਨਾਲ ਜੋੜਦੀ ਹੈ। (੧)(ਠਹਿਰਾਉ)

ਸੰਪਤਿ ਬਿਪਤਿ ਪਟਲ ਮਾਇਆ ਧਨੁ ॥

ਖ਼ੁਸ਼ਹਾਲੀ, ਮੁਸੀਬਤ, ਭਰਮ, ਜਾਂ ਧੰਨ ਸੰਪਦਾ-ਸਭ ਭਰਮ ਰੂਪੀ ਸੰਪਤੀਆਂ ਹਨ। ਇਹ ਦ੍ਰਿਸ਼ਟੀਕੋਣ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਸਫਲਤਾ ਦੀ ਸਾਡੀ ਪਰਿਭਾਸ਼ਾ ਸਾਨੂੰ ਉਸ ਵਸਤ ਦਾ ਪਿੱਛਾ ਕਰਨ ਲਈ ਗੁੰਮਰਾਹ ਕਰ ਸਕਦੀ ਹੈ ਜਿਸ ਵਿਚ ਸੱਚੀ ਪੂਰਤੀ ਦੀ ਘਾਟ ਹੋਵੇ ਹੈ।

ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥

ਸਰਵ ਵਿਆਪਕ ਸਤਾ ਦੀ ਸਦ ਹਾਜ਼ਰਤਾ ਦਾ ਸ਼ਰਧਾਲੂ ਅਜਿਹੇ ਭਰਮਾਂ ਵਿਚ ਨਹੀਂ ਫਸਿਆ ਰਹਿੰਦਾ। (੨)

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥

ਪਿਆਰ ਰੂਪੀ ਧਾਗਾ ਸ਼ਰਧਾਲੂ ਨੂੰ ਸਰਵਵਿਆਪਕਤਾ ਨਾਲ ਬੰਨਦਾ ਹੈ, ਜੋ ਏਕਤਾ ਨੂੰ ਮੂਰਤੀਮਾਨ ਕਰਨ ਲਈ ਅਟੁੱਟ ਸ਼ਰਧਾ ਦਾ ਪ੍ਰਤੀਕ ਹੈ।

ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

ਰਵਿਦਾਸ ਕਹਿੰਦੇ ਹਨ, ਇਸ ਬੰਧਨ ਤੋਂ ਮੁਕਤ ਹੋਣ ਵਿਚ ਕਿਹੜਾ ਗੁਣ ਨਹਿਤ ਹੈ? ਇਹ ਸੋਚ-ਉਕਸਾਉਣ ਵਾਲਾ ਸਵਾਲ ਸਾਨੂੰ ਇਸ ਤੱਥ 'ਤੇ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ ਕਿ ਜਦੋਂ ਅਸੀਂ ਏਕਤਾ ਨਾਲੋਂ ਵਿਛੋੜੇ ਦੀ ਚੋਣ ਕਰਦੇ ਹਾਂ ਤਾਂ ਅਸੀਂ ਕੀ ਗੁਆ ਦਿੰਦੇ ਹਾਂ। (੩)(੪)

ਤੱਤ: ਭਗਤ ਰਵਿਦਾਸ ਅਜਿਹੇ ਪਿਆਰ ਬਾਰੇ ਗੂੜ੍ਹ ਸੂਝ ਪ੍ਰਦਾਨ ਕਰਦੇ ਹਨ ਜੋ ਬਾਹਰੀ ਪ੍ਰਭਾਵਾਂ ਦੇ ਬਾਵਜੂਦ ਕਾਇਮ ਰਹਿੰਦੀ ਹੈ। ਜਿਵੇਂ ਇਕ ਧਾਗਾ ਤਾਰ ਨੂੰ ਦਿਸ਼ਾ ਅਤੇ ਤਾਕਤ ਪ੍ਰਦਾਨ ਕਰਦਾ ਹੈ, ਉਸੇ ਤਰ੍ਹਾਂ ਪਿਆਰ ਅਤੇ ਸ਼ਰਧਾ, ਜਦੋਂ ਇਕੱਠੇ ਬੰਨ੍ਹੇ ਜਾਂਦੇ ਹਨ, ਤਾਂ ਵਿਸ਼ਵਵਿਆਪੀ ਏਕਤਾ ਨਾਲ ਸਾਡੇ ਸੰਬੰਧ ਨੂੰ ਗੂੜ੍ਹ ਕਰਦੇ ਹਨ। ਉਹ ਦਾਅਵਾ ਕਰਦੇ ਹਨ ਕਿ ਹਰ ਤਰ੍ਹਾਂ ਦੀ ਦੌਲਤ ਦਾ ਅੰਤਿਮ ਸਰੋਤ ਇਸ ਏਕਤਾ ਪ੍ਰਤੀ ਸਾਡੇ ਸਮਰਪਣ ਤੋਂ ਆਉਂਦਾ ਹੈ, ਨਾ ਕਿ ਭਰਮਪੂਰਨ ਸੰਸਾਰਿਕ ਪ੍ਰਾਪਤੀਆਂ ਤੋਂ। ਇਹ ਸੂਝ ਸਾਨੂੰ ਅਸਥਾਈਤਾ ਨੂੰ ਛੱਡਣ ਅਤੇ ਆਪਣੇ ਅੰਦਰ ਸਦੀਵੀ ਤੱਤਸਾਰ ਦੀ ਭਾਲ ਕਰਨ ਲਈ ਉਤਸ਼ਾਹਿਤ ਕਰਦੀ ਹੈ।

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ**:** **OnenessInDiversity.com**

ਈਮੇਲ**: onenessindiversityfoundation@gmail.com**